# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 09 ਮਾਰਚ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ ਅਤੇ ਅਮਰੀਕਾ ਦੇ ਪੰਜਾਬੀ ਸ਼ਾਇਰਾਂ ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਥਾਨਾਂ ਦੀ ਯਾਤਰਾ

### ਲਹਿੰਦੇ ਪੰਜਾਬ ਦੇ ਅਦੀਬਾਂ ਨੇ ਮਹਿਮਾਨ ਸ਼ਾਇਰਾਂ ਦੇ ਮਾਣ ਵਿਚ ਰਚਾਏ ਸਾਹਿਤਕ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਜੈਤੋ, 9 ਮਾਰਚ : ਬੀਤੇ ਦਿਨੀਂ ਕੈਨੇਡਾ ਅਤੇ ਅਮਰੀਕਾ ਦੇ ਕੁਝ ਪੰਜਾਬੀ ਸ਼ਾਇਰਾਂ ਨੇ ਪਾਕਿਸਤਾਨ ਦਾ 8 ਦਿਨ ਦਾ ਟੂਰ ਕੀਤਾ। ਇਨ੍ਹਾਂ ਸ਼ਾਇਰਾਂ ਵਿਚ ਗ਼ਜ਼ਲ ਮੰਚ ਸਰੀ (ਕੈਨੇਡਾ) ਦੇ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਮਾਨ, ਦਸ਼ਮੇਸ਼ ਗਿੱਲ ਫ਼ਿਰੋਜ਼ ਤੇ ਪ੍ਰੀਤ ਮਨਪ੍ਰੀਤ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ (ਅਮਰੀਕਾ) ਦੇ ਕੁਲਵਿੰਦਰ ਤੇ ਜਗਜੀਤ ਨੌਸ਼ਹਿਰਵੀ ਅਤੇ ਟੋਰਾਂਟੋ ਤੋਂ ਸ਼ਾਇਰ ਕੁਲਵਿੰਦਰ ਖਹਿਰਾ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਸ਼ਾਮਲ ਸਨ। ਵਾਹਗਾ ਬਾਰਡਰ ਰਾਹੀਂ ਪਾਕਿਸਤਾਨ ਪਹੁੰਚੇ ਇਨ੍ਹਾਂ ਸ਼ਾਇਰਾਂ ਦਾ ਲਹਿੰਦੇ ਪੰਜਾਬ ਦੇ ਅਦੀਬ ਆਸਿਫ ਰਜ਼ਾ, ਪ੍ਰੋ. ਅਮਾਨਤ ਅਲੀ ਮੁਸਾਫ਼ਿਰ ਅਤੇ ਡਾ. ਤਾਹਿਰ ਸੰਧੂ ਨੇ ਉਚੇਚੇ ਤੌਰ 'ਤੇ ਬਾਰਡਰ 'ਤੇ ਆ ਕੇ ਨਿੱਘਾ ਸਵਾਗਤ ਕੀਤਾ।



ਆਪਣੇ ਟੂਰ ਦੌਰਾਨ ਇਹ ਸ਼ਾਇਰ ਇਤਿਹਾਸਕ, ਧਾਰਮਿਕ ਸਥਾਨ 'ਗੁਰਦੁਆਰਾ ਨਨਕਾਣਾ ਸਾਹਿਬ', ਗੁਰਦੁਆਰਾ ਸੱਚਾ ਸੌਦਾ', 'ਗੁਰਦੁਆਰਾ ਕਰਤਾਰਪੁਰ ਸਾਹਿਬ', 'ਗੁਰਦੁਆਰਾ ਡੇਹਰਾ ਸਾਹਿਬ ਲਾਹੌਰ', 'ਸੂਫੀ ਸ਼ਾਇਰ ਬੁੱਲੇ ਸ਼ਾਹ ਦੀ ਮਜ਼ਾਰ (ਕਸੂਰ), 'ਮਹਾਨ ਪੰਜਾਬੀ ਸ਼ਾਇਰ ਵਾਰਿਸ ਸ਼ਾਹ ਦੇ ਦਰਬਾਰ' ਵਿਖੇ ਨਤਮਸਤਕ ਹੋਏ ਅਤੇ 'ਲਾਹੌਰ ਮਿਊਜ਼ੀਅਮ', 'ਸ਼ਾਹੀ ਕਿਲਾ ਲਾਹੌਰ', 'ਭਗਤ ਸਿੰਘ ਗੈਲਰੀ ਲਾਹੌਰ', 'ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਨਮ ਸਥਾਨ' (ਚੱਕ ਨੰਬਰ 105 ਬੀ ਬੰਗੇ) ਅਤੇ ਸਰਹੱਦ ਲਾਗਲੇ ਦੋ ਪਿੰਡਾਂ (ਘਣੀਏ ਕੇ ਅਤੇ ਪਢਾਣਾ) ਦਾ ਟੂਰ ਵੀ ਕੀਤਾ। ਪਿੰਡ ਬੰਗੇ ਵਿਖੇ ਭਗਤ ਸਿੰਘ ਦੇ ਪ੍ਰਾਇਮਰੀ ਸਕੂਲ ਦਾ ਉਹ ਕਮਰਾ ਵੀ ਵੇਖਿਆ ਜਿੱਥੇ ਬੈਠ ਕੇ ਭਗਤ ਸਿੰਘ ਨੇ ਮੁੱਢਲੀ ਸਿੱਖਿਆ ਗ੍ਰਹਿਣ ਕੀਤੀ ਸੀ। ਇਹ ਕਮਰਾ ਉਸੇ ਤਰ੍ਹਾਂ ਸੁਰੱਖਿਅਤ ਰੱਖਿਆ ਹੋਇਆ ਹੈ।

ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਵਿਚ ਕਾਲਜ ਦੀ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਨੇ ਇਨ੍ਹਾਂ ਸ਼ਾਇਰਾਂ ਦਾ ਹਾਰਦਿਕ ਸਵਾਗਤ ਕੀਤਾ ਅਤੇ ਕਾਲਜ ਵਿਚ 'ਜਪੁਜੀ ਸਾਹਿਬ' ਵਿਚ ਪੰਜਾਬੀ ਕਲਾਸ ਦੇ ਸਿਲੇਬਸ ਵਿਚ ਸ਼ਾਮਲ ਕੀਤੇ ਜਾਣ ਅਤੇ ਗੁਰਮੁਖੀ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਕਾਲਜ ਦੇ ਪਹਿਲੇ ਸਿੱਖ ਪ੍ਰੋ. ਕਲਿਆਣ ਸਿੰਘ ਨੇ ਮਹਿਮਾਨ ਸ਼ਾਇਰਾਂ ਨੂੰ ਕਾਲਜ ਦੀ ਉਹ ਜਗ੍ਹਾ ਦੇ ਦਰਸ਼ਨ ਕਰਵਾਏ ਜਿੱਥੇ ਬੈਠ ਕੇ ਭਗਤ ਸਿੰਘ ਆਪਣੇ ਸਾਥੀਆਂ ਨਾਲ ਮੀਟਿੰਗ ਕਰਦੇ ਸਨ। ਡੀ.ਏ.ਵੀ. ਕਾਲਜ ਲਾਹੌਰ (ਅੱਜ ਕੱਲ੍ਹ ਗੌਰਮਿੰਟ ਇਸਲਾਮੀਆ ਗਰੈਜੂਏਟ ਕਾਲਜ) ਦੇ ਟੂਰ ਦੌਰਾਨ ਕਾਲਜ ਦੇ ਪ੍ਰਿੰਸੀਪਲ ਅਖਤਰ ਹੁਸੈਨ ਸੰਧੂ ਨੇ ਸਭ ਨੂੰ ਜੀ ਆਇਆਂ ਕਿਹਾ। ਮਹਿਮਾਨ ਸ਼ਾਇਰਾਂ ਨੇ ਇੱਥੇ ਉਹ ਜਗ੍ਹਾ ਦੇਖੀ ਜਿੱਥੇ 17 ਦਸੰਬਰ 1928 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਇਸ ਕਾਲਜ ਦੇ ਗੇਟ 'ਤੇ ਪੁਲਿਸ ਸੁਪਰਡੈਂਟ ਜੇਮਸ ਏ ਸਕਾਟ ਨੂੰ ਮਾਰਨ ਦੀ ਉਡੀਕ ਵਿਚ ਦਰੱਖਤ ਦੀ ਓਟ ਲੈ ਕੇ ਖੜ੍ਹੇ ਸਨ ਪਰ ਭੁਲੇਖੇ ਵਿਚ ਪੁਲਿਸ ਦੇ ਸਹਾਇਕ ਸੁਪਰਡੈਂਟ ਜੌਨ ਪੀ. ਸਾਂਡਰਸ ਨੂੰ ਗੋਲੀ ਮਾਰ ਦਿੱਤੀ ਜਦੋਂ ਉਹ ਕਾਲਜ ਦੇ ਸਾਹਮਣੇ ਸਥਿਤ ਜ਼ਿਲ੍ਹਾ ਪੁਲਿਸ ਹੈੱਡਕੁਆਰਟਰ ਤੋਂ ਨਿਕਲ ਤੇ ਗਲੀ ਪਾਰ ਕਰ ਰਿਹਾ ਸੀ।ਗੋਲੀ ਚਲਾ ਕੇ ਭਗਤ ਸਿੰਘ ਤੇ ਸਾਥੀ ਸਰਕਾਰੀ ਕਾਲਜ ਵੱਲ ਭੱਜ ਗਏ ਸਨ।

ਟੂਰ ਦੌਰਾਨ ਇਨ੍ਹਾਂ ਸ਼ਾਇਰਾਂ ਦੇ ਮਾਣ ਵਿਚ ਲਹਿੰਦੇ ਪੰਜਾਬ ਦੇ ਅਦੀਬਾਂ ਅਤੇ ਕਈ ਸੰਸਥਾਵਾਂ ਵੱਲੋਂ ਸਾਹਿਤਕ ਪ੍ਰੋਗਰਾਮ ਰਚਾਏ ਗਏ। 'ਸਾਂਝਾ ਵਿਰਸਾ, ਲੋਕਸਾਰ ਤੇ ਅਫਰਾ ਬੁਖਾਰੀ ਬੁੱਕ ਕਲੱਬ ਲਾਹੌਰ', 'ਅੰਜੁਮਨ ਪ੍ਰਗਤੀਸ਼ੀਲ ਲੇਖਕ ਲਾਹੌਰ' ਅਤੇ 'ਵਾਰਿਸ ਸ਼ਾਹ ਵਿਚਾਰ ਪ੍ਰਚਾਰ ਪਰ੍ਹਿਆ ਪੰਜਾਬ' (ਪਾਕਿਸਤਾਨ) ਵੱਲੋਂ ਕਰਵਾਏ ਸ਼ਾਇਰੀ ਦੇ ਪ੍ਰੋਗਰਾਮਾਂ ਵਿਚ ਇਨ੍ਹਾਂ ਸ਼ਾਇਰਾਂ ਨੇ ਆਪਣੇ ਕਲਾਮ ਰਾਹੀਂ ਖੂਬ ਰੰਗ ਬੰਨ੍ਹਿਆਂ। ਸ਼ਾਇਰੀ ਦੀਆਂ ਇਨ੍ਹਾਂ ਮਹਿਫ਼ਿਲਾਂ ਵਿਚ ਲਹਿੰਦੇ ਪੰਜਾਬ ਦੇ ਨਾਮਵਰ ਸ਼ਾਇਰ ਬਾਬਾ ਨਜਮੀ, ਤਾਹਿਰਾ ਸਰਾ, ਸਾਬਿਰ ਅਲੀ ਸਾਬਿਰ, ਨਮਰਾ ਵਾਰਿਸ, ਇੰਤਸ਼ਾਮ, ਸਾਜ਼ੀਆ, ਆਬਿਦ ਹੁਸੈਨ ਆਬਿਦ, ਡਾ. ਤਾਹਿਰ ਸੰਧੂ, ਆਸਿਫ ਰਜ਼ਾ, ਪ੍ਰੋ. ਅਮਾਨਤ ਅਲੀ ਮੁਸਾਫ਼ਿਰ, ਸਈਅਦ ਭੁੱਟਾ, ਡਾ. ਤਾਹਿਰ ਸ਼ਬੀਰ, ਸਰਫ਼ਰਾਜ ਸਫ਼ੀ, ਅਨੀਸ ਅਹਿਮਦ, ਅਫ਼ਜ਼ਲ ਸਾਹਿਰ, ਰਾਹਤ ਤਨਸੀਬ, ਨਾਸਿਰ ਫਿਰੋਜ, ਅਬਾਸ ਮਿਰਜ਼ਾ, ਇਜ਼ਾਜ਼ ਤਵੱਕਲ, ਫਾਰੂਖ਼ ਤਰਾਜ, ਗੀਤ ਅਲੀ ਤਵੱਕਲ, ਜਾਹਿਦ ਅਤੇ ਹੋਰ ਕਈ ਸ਼ਾਇਰਾਂ ਨੇ ਵੀ ਸ਼ਮੂਲੀਅਤ ਕੀਤੀ। ਨਾਮਵਰ ਪੰਜਾਬੀ ਗਾਇਕ ਸ਼ੌਕਤ ਅਲੀ (ਮਰਹੂਮ) ਦੇ ਫ਼ਰਜ਼ੰਦ ਇਮਰਾਨ ਸ਼ੌਕਤ ਅਲੀ ਖ਼ਾਨ ਨੇ ਵੀ ਇਕ ਸ਼ਾਮ ਆਪਣੀ ਗਾਇਕੀ ਨਾਲ਼ ਮਹਿਮਾਨ ਸ਼ਾਇਰਾਂ ਨੂੰ ਨਿਵਾਜਿਆ।

ਸ਼ਾਇਰਾਂ ਅਨੁਸਾਰ ਸਾਰੇ ਟੂਰ ਦੌਰਾਨ ਵੱਖ ਵੱਖ ਥਾਵਾਂ 'ਤੇ ਲਹਿੰਦੇ ਪੰਜਾਬ ਦੇ ਅਦੀਬਾਂ ਅਤੇ ਆਮ ਲੋਕਾਂ ਵੱਲੋਂ ਬੇਹੱਦ ਮੁਹੱਬਤ ਮਿਲੀ ਅਤੇ ਬੜਾ ਮਾਣ ਸਤਿਕਾਰ ਮਿਲਿਆ। ਪ੍ਰੋ. ਅਮਾਨਤ ਅਲੀ ਮੁਸਾਫ਼ਿਰ, ਆਸਿਫ ਰਜ਼ਾ, ਡਾ. ਤਾਹਿਰ ਸੰਧੂ, ਪਿੰਡ ਪਢਾਣਾ ਦੇ ਜ਼ੁਲਫ਼ਕਾਰ ਸੰਧੂ ਅਤੇ ਪਿੰਡ ਘਣੀਏ ਕੇ ਲੋਕਾਂ ਵੱਲੋਂ ਮਿਲਿਆ ਪਿਆਰ ਹਮੇਸ਼ਾ ਉਨ੍ਹਾਂ ਦੇ ਚੇਤਿਆਂ ਵਿਚ ਵਸਦਾ ਰਹੇਗਾ।

## ਜ਼ੋਨ ਵਿੱਚ ਸ਼ਾਮਲ ਇਕਾਈਆਂ ਦੀ ਦੋ ਸਾਲਾਂ ਲਈ ਹੋਣ ਵਾਲੀ ਚੋਣ ਦੀਆਂ ਮਿਤੀਆਂ ਨਿਯਤ ਕੀਤੀਆਂ

### ਤਰਕਸ਼ੀਲ ਮੈਗਜ਼ੀਨ ਦਾ ਮਾਰਚ -ਅਪ੍ਰੈਲ ਅੰਕ ਲੋਕ ਅਰਪਣ ਕੀਤਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 9 ਮਾਰਚ : ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਰਨਾਲਾ -ਸੰਗਰੂਰ ਦੀ ਮੀਟਿੰਗ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਪ੍ਰਧਾਨਗੀ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ।ਇਸ ਮੀਟਿੰਗ ਵਿੱਚ ਸੂਬਾ ਮੁਖੀ ਮਾਸਟਰ ਰਜਿੰਦਰ ਭਦੌੜ ਤੇ ਸੂਬਾ ਆਗੂ ਗੁਰਪ੍ਰੀਤ ਸ਼ਹਿਣਾ




ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਜੋਨ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਜੋਨ ਦੀਆਂ ਤਰਕਸ਼ੀਲ ਇਕਾਈਆਂ ਦੀ 2025-27 ਦੋ ਸਾਲਾਂ ਲਈ ਹੋਣ ਵਾਲੀ ਚੋਣ ਦੀਆਂ ਮਿਤੀਆਂ ਨਿਯਤ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਛਾਜਲੀ ਤੇ ਬਰਨਾਲਾ ਇਕਾਈਆਂ ਦੀ ਚੋਣ ਹੋ ਗਈ ਹੈ। ਸੰਗਰੂਰ ਇਕਾਈ ਦੀ ਚੋਣ 16 ਮਾਰਚ ਨੂੰ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ, ਭਦੌੜ ਇਕਾਈ ਦੀ ਚੋਣ 15 ਮਾਰਚ ਨੂੰ ਭਦੌੜ ਵਿਖੇ, ਸੁਨਾਮ ਇਕਾਈ ਦੀ ਚੋਣ ਪੈਨਸ਼ਨ ਭਵਨ ਸੁਨਾਮ ਵਿਖੇ 17 ਮਾਰਚ ਨੂੰ ਹੋਵੇਗੀ, ਦਿੜ੍ਹਬਾ, ਧੂਰੀ, ਲੌਂਗੋਵਾਲ ਇਕਾਈਆਂ ਵੀ 20 ਮਾਰਚ ਤੋਂ ਪਹਿਲਾਂ ਆਪੋ ਆਪਣੇ ਇਕਾਈ ਦੀ ਚੋਣ ਕਰਵਾ ਲੈਣਗੀਆਂ। ਮੀਟਿੰਗ ਵਿੱਚ ਦੱਸਿਆ ਗਿਆ ਕਿ ਹਰ ਤਰਕਸ਼ੀਲ ਮੈਂਬਰ ਲਈ ਪ੍ਰਣ ਪੱਤਰ ਭਰਨਾ ਤੇ ਇਕਾਈ ਨੇ ਆਪਣਾ ਹਰ ਕਿਸਮ ਦਾ ਹਿਸਾਬ ਪੂਰਾ ਕਰਨਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਸੂਬੇ ਦਾ ਚੋਣ ਅਜਲਾਸ 5- 6 ਅਪ੍ਰੈਲ ਨੂੰ ਬਰਨਾਲਾ ਵਿਖੇ ਹੋਵੇਗਾ। ਮੀਟਿੰਗ ਵਿੱਚ ਮਾਰਚ – ਅਪ੍ਰੈਲ ਦਾ ਤਰਕਸ਼ੀਲ ਮੈਗਜੀਨ ਦਾ ਮਾਰਚ – ਅਪ੍ਰੈਲ ਅੰਕ ਵੀ ਲੋਕ ਅਰਪਣ ਕੀਤਾ ਗਿਆ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕੁਲਦੀਪ ਸਿੰਘ ਨੈਣੇਵਾਲ, ਵਿਸ਼ਵ ਕਾਂਤ ਮਾਸਟਰ ਪਵਨ ਸੁਨਾਮ, ਅਵਤਾਰ ਸਿੰਘ ਬਰਨਾਲਾ, ਪਰਮਜੀਤ ਕੌਰ,ਸੋਹਣ ਸਿੰਘ ਮਾਝੀ, ਪਰਮਜੀਤ ਦੀਵਾਨਾ,ਲਾਭ ਸਿੰਘ ਛਾਜਲਾ ਨੇ ਸ਼ਮੂਲੀਅਤ ਕੀਤੀ।

## ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਅਤੇ ਗ਼ਜ਼ਲ ਮੰਚ ਸਰੀ ਵੱਲੋਂ ਅਜੋਕੀ ਪੰਜਾਬੀ ਗ਼ਜ਼ਲ ਬਾਰੇ ਵਿਸ਼ੇਸ਼ ਸਮਾਗਮ

### ਨੌਜਵਾਨ ਸ਼ਾਇਰ ਸੁਖਦੀਪ ਔਜਲਾ ਪਹਿਲੇ ਸਤਨਾਮ ਯਾਦਗਾਰੀ ਐਵਾਰਡ ਨਾਲ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਮੋਹਾਲੀ, 9 ਮਾਰਚ : ਬੀਤੇ ਦਿਨ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਐਸ.ਏ.ਐਸ. ਨਗਰ (ਮਹਾਲੀ) ਵਿਖੇ ਕਰਵਾਈ ਤਿੰਨ ਰੋਜ਼ਾ ਆਲਮੀ ਕਾਨਫਰੰਸ ਵਿੱਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ (ਅਮਰੀਕਾ) ਅਤੇ ਗ਼ਜ਼ਲ ਮੰਚ ਸਰੀ (ਕੈਨੇਡਾ) ਵੱਲੋਂ ਇਕ ਸ਼ੈਸ਼ਨ ਦੌਰਾਨ ਅਜੋਕੀ ਪੰਜਾਬੀ ਗ਼ਜ਼ਲ ਬਾਰੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੇ ਪ੍ਰਧਾਨ ਕੁਲਵਿੰਦਰ, ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ, ਪੰਜਾਬੀ ਯੂਨੀਵਰਸਿਟੀ ਦੇ ਡਾ. ਜਸਵਿੰਦਰ ਸਿੰਘ ਤੇ ਡਾ. ਜਸਵਿੰਦਰ ਸੈਣੀ ਅਤੇ ਸ਼ਾਇਰ ਸੁਖਦੀਪ ਔਜਲਾ ਨੇ ਕੀਤੀ। ਸਟੇਜ ਦਾ ਸੰਚਾਲਨ ਕਰਦਿਆਂ ਰਾਜਵੰਤ ਰਾਜ ਨੇ ਗ਼ਜ਼ਲ ਮੰਚ ਸਰੀ ਦੀ ਸਥਾਪਨਾ, ਇਸ ਦੇ ਕਾਰਜ ਅਤੇ ਪ੍ਰੋਗਰਾਮਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਜਗਜੀਤ ਨੌਸ਼ਹਿਰਵੀ ਨੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀਆਂ ਸਰਗਰਮੀਆਂ ਬਾਰੇ ਜਾਣੂੰ ਕਰਵਾਇਆ।

ਡਾਕਟਰ ਜਸਵਿੰਦਰ ਸੈਣੀ ਵੱਲੋਂ ਨੌਜਵਾਨ ਸ਼ਾਇਰ ਸੁਖਦੀਪ ਔਜਲਾ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਇਕ ਕਮਰੇ ਦਾ ਸ਼ਾਇਰ' ਬਾਰੇ ਸੰਖੇਪ ਵਿੱਚ ਪਰਚਾ ਪੜ੍ਹਿਆ ਗਿਆ। ਡਾ. ਜਸਵਿੰਦਰ ਸੈਣੀ ਨੇ ਕਿਹਾ ਕਿ ਸੁਖਦੀਪ ਦੀਆਂ ਗ਼ਜ਼ਲਾਂ ਨਵੀਂ ਪੰਜਾਬੀ ਗ਼ਜ਼ਲ ਦਾ ਪ੍ਰਤੀਨਿਧ ਰੂਪ ਲੈ ਕੇ ਹਾਜ਼ਰ ਹੋਈਆਂ ਹਨ ਅਤੇ ਇਹ ਦਰਸਾਉਂਦੀਆਂ ਹਨ ਕਿ ਨਵੀਂ ਪੀੜ੍ਹੀ ਦੀ ਗ਼ਜ਼ਲ ਆਪਣੇ ਅੰਦਰ ਕਈ ਨਵੀਆਂ ਸੰਭਾਵਨਾਵਾਂ ਅਤੇ ਕਈ ਨਵੇਂ ਰੂਪਾਂ ਸਰੂਪਾਂ ਨੂੰ ਉਜਾਗਰ ਕਰ ਰਹੀ ਹੈ। ਇਸ ਕਰਕੇ ਇਸ ਗ਼ਜ਼ਲ ਦਾ ਮੂੰਹ ਮੁਹਾਂਦਰਾ ਸਾਡੀ ਪੁਰਾਣੀ ਗ਼ਜ਼ਲ ਤੋਂ ਵੱਖ ਹੈ। ਬੇਸ਼ੱਕ ਨਵੀਂ ਪੰਜਾਬੀ ਗ਼ਜ਼ਲ ਵੀ ਆਪਣੇ ਅੰਦਰ ਰਵਾਇਤ ਨੂੰ ਸੰਭਾਲੀ ਬੈਠੀ ਹੈ ਪਰ ਇਸ ਨੇ ਵਿਸ਼ੇ ਅਤੇ ਤਕਨੀਕੀ ਪੱਖ ਤੋਂ ਕੁਝ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ।

ਡਾ. ਜਸਵਿੰਦਰ ਸਿੰਘ ਨੇ ਸੁਖਦੀਪ ਔਜਲਾ ਨੂੰ ਐਵਾਰਡ ਦੇਣ 'ਤੇ ਸ਼ਾਇਰ ਕੁਲਵਿੰਦਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਵੱਡੇ ਲੇਖਕ ਛੋਟੇ ਲੇਖਕਾਂ ਨੂੰ ਸ਼ਾਬਾਸ਼ੀ ਦਿੰਦੇ ਨੇ ਤਾਂ ਉਹ ਹੋਰ ਸਾਬਤ ਅਤੇ ਵਧੀਆ ਪੁਟਦੇ ਹਨ। ਇਹ ਬਹੁਤ ਸ਼ਲਾਘਾਯੋਗ ਉਪਰਾਲਾ ਹੇ ਅਤੇ ਇਹ ਸ਼ਾਬਾਸ਼ੀ ਸੁਖਦੀਪ ਨੂੰ ਹੋਰ ਸਾਹਿਤ, ਗਜ਼ਲ ਅਤੇ ਕਵਿਤਾ ਦੇ ਲੇਖੇ ਲਾਏਗੀ। ਗ਼ਜ਼ਲ ਅਤੇ ਖੁੱਲ੍ਹੀ ਕਵਿਤਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਗ਼ਜ਼ਲ ਨੇ ਕਵਿਤਾ ਦੀ ਅੰਦਰਲੀ ਰਵਾਨੀ ਨੂੰ, ਕਵਿਤਾ ਵਿਚਲੇ ਭਾਵਾਂ ਤੇ ਖ਼ਿਆਲਾਂ ਤੇ ਨਾਲ ਦੀ ਨਾਲ ਲਫ਼ਜ਼ਾਂ ਦੇ ਸੁਰਤਾਲ ਨੂੰ ਕਾਇਮ ਰੱਖਣ ਵਿਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਭਾਈਚਾਰੇ ਨੇ, ਪਰਵਾਸੀ ਪੰਜਾਬੀ ਸਾਹਿਤ ਅਤੇ ਸਾਹਿਤਕਾਰਾਂ ਨੇ ਪੰਜਾਬ ਦੀ ਚੇਤਨਾ, ਸੰਵੇਦਨਾ ਅਤੇ ਪੰਜਾਬ ਨੂੰ ਬਦਲਣ ਲਈ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਪੰਜਾਬੀ ਜਿੱਥੇ ਵੀ ਹਨ ਉਹਨਾਂ ਦੇ ਮਨ ਵਿੱਚ ਪੰਜਾਬ ਦਾ ਫਿਕਰ ਹੈ, ਪੰਜਾਬ ਦਾ ਦਰਦ ਹੈ ਤੇ ਪੰਜਾਬ ਲਈ ਕੁਝ ਕਰਨ ਦਾ ਤਹੱਈਆ ਹੈ।

ਉਪਰੰਤ ਸ਼ਾਇਰ ਸੁਖਦੀਪ ਔਜਲਾ ਨੂੰ ਪਹਿਲਾ ਸਤਨਾਮ ਯਾਦਗਾਰੀ ਐਵਾਰਡ ਪ੍ਰਦਾਨ ਕੀਤਾ ਗਿਆ। ਸੁਖਦੀਪ ਔਜਲਾ ਨੇ ਇਸ ਸਨਮਾਨ ਲਈ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ, ਗ਼ਜ਼ਲ ਮੰਚ ਸਰੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਜੁੜੀਆਂ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੇਰਾ ਇਸ ਐਵਾਰਡ ਲਈ ਚੁਣੇ ਜਾਣਾ ਮੇਰੇ ਲਈ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਸੁਖਦੀਪ ਨੇ ਆਪਣੇ ਲਿਖਣ ਕਾਰਜ ਬਾਰੇ ਦੱਸਿਆ ਅਤੇ ਆਪਣੀਆਂ ਕੁਝ ਗ਼ਜ਼ਲਾਂ ਸਰੋਤਿਆਂ ਦੀ ਨਜ਼ਰ ਕੀਤੀਆਂ।

ਅੰਤ ਵਿਚ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਤੋਂ ਪਹੁੰਚੇ ਗ਼ਜ਼ਲਗੋਆਂ 'ਤੇ ਆਧਾਰਤ ਕਵੀ ਦਰਬਾਰ ਹੋਇਆ ਜਿਸ ਵਿਚ ਨਾਮਵਰ ਸ਼ਾਇਰ ਜਸਵਿੰਦਰ, ਕੁਲਵਿੰਦਰ, ਰਾਜਵੰਤ ਰਾਜ, ਜਗਜੀਤ ਨੌਸ਼ਹਿਰਵੀ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਡਾ. ਗੁਰਮਿੰਦਰ ਸਿੱਧੂ, ਜੱਗੀ ਜੌਹਲ, ਗੁਰਮੀਤ ਸਿੱਧੂ ਅਤੇ ਡਾ. ਜਗੀਰ ਕਾਹਲੋਂ ਨੇ ਆਪਣਾ ਕਲਾਮ ਪੇਸ਼ ਕੀਤਾ।

## ਰੰਗ ਪ੍ਰਸੰਗ ਸੁਰਜੀਤ ਪਾਤਰ ਦੇ ਪੁਸਤਕ ਡਾ. ਵਰਿਆਮ ਸਿੰਘ ਸੰਧੂ ਵੱਲੋਂ ਗੁਰਭਜਨ ਗਿੱਲ ਨੂੰ ਭੇਂਟ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 9 ਮਾਰਚ : ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਆਪਣੀ ਸੱਜਰੀ ਲਿਖੀ ਪੁਸਤਕ "ਰੰਗ ਪ੍ਰਸੰਗ ਸੁਰਜੀਤ ਪਾਤਰ ਦੇ" ਦੀ ਕਾਪੀ ਅੱਜ ਲੁਧਿਆਣਾ ਜ਼ਿਲ੍ਹੇ ਦੀ ਨਾਮਵਰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਸਮਾਗਮ ਤੋਂ ਪਹਿਲਾਂ ਗੈਰ ਰਸਮੀ ਤੌਰ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਪੰਜਾਬੀ ਕਵੀ ਗੁਰਭਜਨ ਗਿੱਲ ਨੂੰ ਪੰਜਾਬੀ ਕਹਾਣੀਕਾਰ ਗੁਰਦਿਆਲ ਦਲਾਲ ਤੇ ਸੱਰੀ(ਕੈਨੇਡਾ) ਵੱਸਦੇ ਸਾਹਿੱਤ ਰਸੀਏ ਸ. ਕੇਸਰ ਸਿੰਘ ਕੂਨਰ ਦੀ ਹਾਜ਼ਰੀ ਵਿੱਚ ਭੇਂਟ ਕੀਤੀ।

ਇਸ ਮੌਕੇ ਬੋਲਦਿਆਂ ਗੁਰਭਜਨ ਗਿੱਲ ਨੇ ਕਿਹਾ ਕਿ ਮੈਂ ਇਸ ਪੁਸਤਕ ਦੇ ਕੁਝ ਭਾਗ ਵੱਖ ਵੱਖ ਸਾਹਿੱਤਕ ਪੱਤਰਾਂ ਤੇ ਅਖ਼ਬਾਰਾਂ ਵਿੱਚ ਪੜ੍ਹੇ ਹਨ ਜਿਸ ਦੇ ਆਧਾਰ ਤੇ ਮੈਂ ਕਹਿ ਸਕਦਾ ਹਾਂ ਕਿ ਵਰਿਆਮ ਸਿੰਘ ਸੰਧੂ ਵੱਲੋਂ ਡਾ. ਸੁਰਜੀਤ ਪਾਤਰ ਜੀ ਨਾਲ ਗੁਜ਼ਾਰੇ ਪਲਾਂ ਤੇ ਉਨ੍ਹਾਂ ਦੀ ਇਤਿਹਾਸਕ ਕਾਵਿ ਯਾਤਰਾ ਪ੍ਰਸੰਗਾਂ ਨਾਲ ਭਰਪੂਰ ਇਹ ਮੁੱਲ ਵਾਨ



ਪੁਸਤਕ ਹਰ ਪੰਜਾਬੀ ਪਾਠਕ ਤੀਕ ਪੁੱਜਣੀ ਜ਼ਰੂਰੀ ਹੈ ਤਿਉਂ ਕਿ ਇਹ ਬੋਝਲ ਅਕਾਦਮਿਕ ਭਾਸ਼ਾ ਦੀ ਥਾਂ ਸੁਰਜੀਤ ਪਾਤਰ ਸਿਰਜਣਾ ਦੇ ਨਾਲ ਨਾਲ ਕੀਤੀ ਸਹਿਜ ਯਾਤਰਾ ਹੈ।

ਡਾ. ਵਰਿਆਮ ਸਿੰਘ ਸੰਧੂ ਨੇ ਇਸੇ ਪੁਸਤਕ ਬਾਰੇ ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ ਤੇ ਲਿਖਿਆ ਸੀ ਕਿ "ਮੇਰੀ ਕਿਸੇ ਕਿਤਾਬ ਨਾਲ ਇੰਝ ਦੀ ਨਹੀਂ ਹੋਈ! ਕਦੀ ਕਦੀ ਸਚਾਈ ਮੰਨ ਲੈਣ ਵਿਚ ਵੀ ਕੋਈ ਹਰਜ ਨਹੀਂ ਹੁੰਦਾ! ਮੇਰੀਆਂ ਕਿਤਾਬਾਂ ਦੇ ਕਈ ਕਈ ਐਡੀਸ਼ਨ ਛਪਦੇ ਰਹੇ ਤੇ ਛਪ ਰਹੇ ਨੇ। ਬਹੁਤ ਸਾਰੀਆਂ ਦੇ ਤਾਂ ਚਾਰ-ਚਾਰ, ਛੇ-ਛੇ, ਅੱਠ-ਅੱਠ, ਦਸ-ਦਸ ਤੇ 'ਚੌਥੀ ਕੂਟ' ਵਰਗੀਆਂ ਕਿਤਾਬਾਂ ਦੇ ਤਾਂ ਸਤਾਰਾਂ ਅਠਾਰਾਂ ਐਡੀਸ਼ਨ ਵੀ। ਪਾਠਕ ਵੀ ਬੜੇ ਉਤਸ਼ਾਹ ਨਾਲ ਪ੍ਰਤੀਕਰਮ ਦਿੰਦੇ ਰਹੇ ਨੇ। ਢਾਈ ਸੌ ਸਫ਼ੇ ਦੀ ਕਿਤਾਬ 'ਰੰਗ ਪ੍ਰਸੰਗ-ਸੁਰਜੀਤ ਪਾਤਰ ਦੇ' ਮੈਂ ਛੇ ਮਹੀਨੇ ਦੀ ਮਿਹਨਤ ਨਾਲ ਲਿਖੀ। ਇਸ ਕਿਤਾਬ ਨੂੰ ਛਪਿਆਂ ਦੋ ਮਹੀਨੇ ਹੋ ਚੱਲੇ ਨੇ। ਸੁਰਜੀਤ ਪਾਤਰ ਦੇ ਜਨਮ ਦਿਹਾੜੇ 'ਤੇ 'ਸਲਾਮ ਕਾਫ਼ਿਲਾ' ਵਾਲਿਆਂ ਬੜੇ ਵੱਡੇ ਇਕੱਠ ਵਿਚ ਸੁਰਜੀਤ ਪਾਤਰ ਦੀ ਪਤਨੀ ਹੱਥੋਂ ਇਹ ਰਿਲੀਜ਼ ਵੀ ਕਰਵਾਈ। ਹਾਂ, ਏਨਾ ਕੁ ਜ਼ਰੂਰ ਹੈ ਕਿ 'ਸਲਾਮ ਕਾਫ਼ਿਲਾ' ਵਾਲਾ ਹੀ ਜਸਪਾਲ ਜੱਸੀ ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਵਿਚ ਮਿਲਿਆ ਤਾਂ ਕਹਿੰਦਾ, "ਇਸ ਕਿਤਾਬ ਬਾਰੇ ਸਮਾਗਮ ਕਰ ਕੇ ਗੱਲ ਕਰਨੀ ਚਾਹੀਦੀ ਹੈ!" ...ਇਸ ਤੋਂ ਇਲਾਵਾ... ... ਸਹੁੰ ਖਾਣ ਵਾਲੀ ਗੱਲ ਹੈ; ਅੱਜ ਤੱਕ ਕਿਸੇ ਇੱਕ ਜਣੇ ਨੇ ਵੀ ਹੁੰਗਾਰਾ ਨਹੀਂ ਭਰਿਆ ਕਿ, ਪੜ੍ਹੀ ਤਾਂ ਛੱਡੋ, ਉਹਨੇ ਇਹਦੀ ਸ਼ਕਲ ਤੱਕ ਵੀ ਵੇਖੀ ਹੋਵੇ! ਕੇਵਲ ਆਪਣੇ ਦੋ ਨੇੜਲੇ ਮਿੱਤਰਾਂ ਨੂੰ ਮੈਂ ਇਹ ਕਿਤਾਬ ਦਿੱਤੀ ਸੀ। ਉਹਨਾਂ ਵੀ ਨਹੀਂ ਪੜ੍ਹੀ ਤੇ ਨਾ ਕੋਈ ਪ੍ਰਤੀਕਰਮ ਦਿੱਤਾ। ਪਰ ਉਹਨਾਂ ਨੂੰ ਕੋਈ ਉਲ੍ਹਾਮਾਂ ਕੋਈ ਨਹੀਂ , ਕਿਉਂਕਿ ਮੈਂ ਆਪ ਹੀ ਕਹਿੰਦਾ ਹੁੰਨਾਂ ਕਿ 'ਭੇਟਾ ਕੀਤੀ ਕਿਤਾਬ' ਕੋਈ ਨਹੀਂ ਪੜ੍ਹਦਾ।

ਦੂਜੇ ਪਾਸੇ ਬੜੇ ਅਦਾਰੇ ਪਾਤਰ ਦੇ ਨਾਂ 'ਤੇ ਹਰ ਰੋਜ਼ ਸਮਾਗਮ ਰਚਾ ਰਹੇ ਨੇ। ਉਹਨਾਂ ਦੀ ਮੁਬਾਰਕ ਨਜ਼ਰੋਂ ਵੀ ਇਹ ਕਿਤਾਬ ਨਹੀਂ ਲੰਘੀ। ਹੋਰ ਤਾਂ ਹੋਰ ਪਾਤਰ-ਪਰਿਵਾਰ ਨੇ ਵੀ ਇਹਦਾ ਕੋਈ ਹੁੰਗਾਰਾ ਨਹੀਂ ਭਰਿਆ! ਸ਼ਾਇਦ ਇਹਦਾ ਪੱਧਰ ਹੀ ਅਜਿਹਾ ਹੋਵੇ ਕਿ ਕਿਸੇ ਨੂੰ ਇਹ ਗੌਲਣ ਯੋਗ ਹੀ ਨਾ ਲੱਗੀ ਹੋਵੇ ਜਾਂ ਕੋਈ ਹੋਰ ਅਣਜਾਣਿਆਂ ਕਾਰਨ ਵੀ ਹੋ ਸਕਦਾ! ਮਨ ਵਿਚ ਕਈ ਵਾਰ ਸਵਾਲ ਉੱਠਦਾ ਹੈ ਕਿ ਭਲਾ ਇਹ ਕਿਤਾਬ ਲਿਖੀ ਕਿਉਂ ਸੀ? ਸੁਰਜੀਤ ਪਾਤਰ ਨਾਲ ਕੇਵਲ ਭਾਵੁਕ ਸਾਂਝ ਕਰ ਕੇ, ਸਗੋਂ ਸ਼ਾਇਦ 'ਉਪਭਾਵੁਕ' ਹੋ ਕੇ ਕਿਤਾਬ ਲਿਖ ਤਾਂ ਦਿੱਤੀ। ਹੁਣ ਸੋਚਦਾ ਹਾਂ, ਛੇ ਮਹੀਨੇ ਕਾਹਦੇ ਲਈ ਗਵਾਏ!

ਇਹ ਕਿਤਾਬ ਸੰਗਮ ਪਬਲੀਕੇਸ਼ਨ ਸਮਾਣਾ ਨੇ ਛਾਪੀ ਹੈ। ਇਸ ਪੁਸਤਕ ਦੀ ਪ੍ਰਾਪਤੀ ਲਈ ਸੰਪਰਕ ਸਕਦੇ ਹੋ। ਇਸ਼ੂ ਗਰਗ 99151 03490

ਵਰਲਡ ਪੰਜਾਬੀ ਟਾਈਮਜ਼ 09 ਮਾਰਚ 2025 ਦਿਨ ਐਤਵਾਰ

## ਪ੍ਰਸਿੱਧ ਖੇਤੀ ਵਿਗਿਆਨੀ ਤੇ ਸਾਹਿਤਕਾਰ ਸਰਦਾਰ ਤਰਲੋਕ ਸਿੰਘ ਕੈਨੇਡਾ ਦੀਆਂ ਪੁਸਤਕਾਂ ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ (ਭਾਗ ਪਹਿਲਾ ਅਤੇ ਦੂਜਾ) ਰਿਲੀਜ਼



ਲੁਧਿਆਣਾ 9 ਮਾਰਚ : ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੰਪਲੈਕਸ, ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਪੁਸਤਕ ਰਿਲੀਜ ਸਮਾਗਮ ਕੀਤਾ ਗਿਆ। ਇਸ ਮੌਕੇ 'ਤੇ ਬੋਲਦਿਆਂ ਡਾ. ਤਰਲੋਕ ਸਿੰਘ ਥੰਡਰ ਬੇ ਕੈਨੇਡਾ ਨੇ ਦੱਸਿਆ ਕਿ ਪਿਛਲੇ 15 ਸਾਲ ਤੋਂ ਇਹ ਸੁਆਲ ਜੁਆਬ ਤਿਆਰ ਕੀਤੇ ਜਾ ਰਹੇ ਸਨ। ਇਸ ਦੇ ਨਾਲ ਨਾਲ ਓਹ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਵੀ ਕਰਦੇ ਰਹੇ। ਸ੍ਰ. ਪਿਰਥੀ ਸਿੰਘ ਚੀਫ਼ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਡਾਇਰੈਕਟਰ ਸਿਖ ਬੁਕ ਸੈਂਟਰ ਇੰਟਰਨੈਸ਼ਨਲ ਨੇ ਇਹਨਾਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਪੁਸਤਕਾਂ ਵਿਚ ਸ਼ਾਮਲ ਸੁਆਲ ਜੁਆਬ ਸਾਡੇ ਮਨਾਂ ਦੇ ਸਾਰੇ ਸ਼ੰਕੇ ਨਵਿਰਤ ਕਰਨ ਦੇ ਸਮਰੱਥ ਹਨ ਅਤੇ ਸਟੱਡੀ ਸਰਕਲ ਵਲੋਂ ਪੰਜ ਭਾਗਾਂ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਹਨ।

ਸ੍ਰ. ਰਾਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼ ਯੂ.ਕੇ. ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਓਹ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਟਾਈਮਜ਼ ਵਿਚ ਪ੍ਰਕਾਸ਼ਤ ਕਰ ਰਹੇ ਹਨ ਅਤੇ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਸ੍ਰ. ਗੁਰਮੀਤ ਸਿੰਘ ਡਾਇਰੈਕਟਰ ਓਵਰਸੀਜ਼ ਤਾਲਮੇਲ ਹੋਰਾਂ ਦੱਸਿਆ ਕਿ ਇਹ ਪੁਸਤਕਾਂ ਵਿਦਿਅਕ ਅਦਾਰਿਆਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਦੇਣਗੀਆਂ ਅਤੇ ਗੁਰਮਤਿ ਦੇ ਪ੍ਰਚਾਰਕਾਂ ਲਈ ਬਹੁਤ ਸਹਾਇਕ ਸਿੱਧ ਹੋਣਗੀਆਂ। ਸ੍ਰ. ਭੁਪਿੰਦਰ ਸਿੰਘ ਬੇਦੀ ਪ੍ਰਸਿੱਧ ਸਾਹਿਤਕਾਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਸਮਾਗਮ ਦੀ ਸ਼ੁਰੂਆਤ ਵਿਚ ਸ੍ਰ. ਜਤਿੰਦਰਪਾਲ ਸਿੰਘ ਡਾਇਰੈਕਟਰ ਯੂਨੈਸਕੋ ਅਫੇਅਰਜ਼ ਨੇ ਸਟੱਡੀ ਸਰਕਲ ਵਲੋਂ ਸਾਰਿਆਂ ਨੂੰ ਜੀ ਆਇਆ ਕਿਹਾ ਅਤੇ ਆਪਣੇ ਨਿੱਜੀ ਤਜ਼ਰਬੇ ਸਾਂਝੇ ਕੀਤੇ। ਪ੍ਰਧਾਨਗੀ ਮੰਡਲ ਵਿਚ ਡਾ. ਤਰਲੋਕ ਸਿੰਘ ਕੈਨੇਡਾ, ਸ੍ਰ. ਰਾਜਿੰਦਰ ਸਿੰਘ ਪੁਰੇਵਾਲ ਯੂ.ਕੇ., ਡਾ. ਮਿਲਖਾ ਸਿੰਘ ਔਲਖ ਸਾਬਕਾ ਵਾਈਸ ਚਾਂਸਲਰ, ਸ੍ਰੀਮਤੀ ਅਨੁਰਾਧਾ ਸਾਹਨਨ, ਬਾਣੀ ਸਾਹਨਨ, ਸ੍ਰ. ਭੁਪਿੰਦਰ ਸਿੰਘ ਬੇਦੀ, ਸ੍ਰ. ਪ੍ਰਤਾਪ ਸਿੰਘ, ਸ੍ਰ. ਬਲਜੀਤ ਸਿੰਘ ਚੇਅਰਮੈਨ, ਸ੍ਰ. ਪਿਰਥੀ ਸਿੰਘ ਚੀਫ਼ ਸਕੱਤਰ, ਸਟੱਡੀ ਸਰਕਲ ਦੇ ਹੋਰ ਅਹੁਦੇਦਾਰ ਅਤੇ ਪਤਵੰਤੇ ਸੱਜਣ ਸ਼ਾਮਲ ਹੋਏ ਅਤੇ ਇਨਾਂ ਵਲੋਂ ਪ੍ਰਸਿੱਧ ਖੇਤੀ ਵਿਗਿਆਨੀ ਤੇ ਸਾਹਿਤਕਾਰ ਸਰਦਾਰ ਤਰਲੋਕ ਸਿੰਘ ਕੈਨੇਡਾ ਦੀਆਂ ਪੁਸਤਕਾਂ ਗੁਰਬਾਣੀ ਅਧਾਰਿਤ ਪ੍ਰਸ਼ਨੋਤਰੀ (ਭਾਗ ਪਹਿਲਾ ਅਤੇ ਦੂਜਾ) ਰਿਲੀਜ਼ ਕੀਤੀਆਂ ਗਈਆਂ। ਡਾ. ਹਰੀ ਸਿੰਘ ਜਾਚਕ ਚੀਫ਼ ਕੋਲੈਬੋਰੇਟਰ ਨੇ ਸਟੇਜ ਦਾ ਸੰਚਾਲਨ ਬਾਖੂਬੀ ਕੀਤਾ ਅਤੇ ਜੋਸ਼ ਭਰਪੂਰ ਕਵਿਤਾ ਨਾਲ ਹਾਜ਼ਰੀ ਵੀ ਲਗਾਈ। ਅਖ਼ੀਰ ਵਿਚ ਸ੍ਰ. ਬਲਜੀਤ ਸਿੰਘ ਚੇਅਰਮੈਨ ਹੋਰਾਂ ਨੇ ਸਾਰੇ ਪਹੁੰਚੇ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਡਾ. ਤਰਲੋਕ ਸਿੰਘ ਦੇ ਉਦਮ ਦੀ ਸਲਾਘਾ ਵੀ ਕੀਤੀ।

ਯਾਦ ਰਹੇ ਕਿ ਡਾ. ਤਰਲੋਕ ਸਿੰਘ ਪਿਛਲੇ 21 ਸਾਲਾਂ ਤੋਂ ਥੰਡਰ ਬੇ ਕੈਨੇਡਾ ਵਿਖੇ ਖੇਤੀ ਖੋਜ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ। ਕੈਨੇਡੀਅਨ ਸੋਸਾਇਟੀ ਆਫ ਐਗਰੋਨੋਮੀ ਦੇ 2016 ਵਿੱਚ ਪ੍ਰਧਾਨ ਬਣਨ ਵਾਲੇ ਓਹ ਪਹਿਲੇ ਸਿੱਖ ਤੇ ਭਾਰਤੀ ਮੂਲ ਦੇ ਪਹਿਲੇ ਕੈਨੇਡੀਅਨ ਹਨ।

ਆਪ ਜੀ 2007 ਤੋਂ ਲਗਾਤਾਰ ਗੁਰਬਾਣੀ ਪੜ੍ਹ ਤੇ ਵਿਚਾਰ ਰਹੇ ਹਨ ਅਤੇ ਗੁਰਬਾਣੀ ਮੁਤਾਬਿਕ ਪ੍ਰਸ਼ਨ ਤੇ ਉਤਰ ਲਿਖਣ ਦੀ ਸੇਵਾ ਵੀ ਕਰ ਰਹੇ ਹਨ ਅਤੇ ਹੁਣ ਤੱਕ 1500 ਦੇ ਲਗਭਗ ਪ੍ਰਸ਼ਨ ਉਤਰ ਲਿਖ ਚੁੱਕੇ ਹਨ।

ਇਸ ਸਮਾਗਮ ਵਿਚ ਨਾਮਵਰ ਪਤਵੰਤੇ ਸੱਜਣ ਸ੍ਰ. ਵੀਰੇਂਦਰਜੀਤ ਸਿੰਘ ਵਿਰਕ, ਡਾ. ਰਣਜੀਤ ਸਿੰਘ ਤਾਬਰ, ਡਾ. ਲਾਲ ਸਿੰਘ ਬਰਾੜ, ਡਾ. ਜੋਰਾ ਸਿੰਘ ਬਰਾੜ, ਡਾ. ਸਰਬਜੀਤ ਸਿੰਘ ਰੇਣੁਕਾ,ਸ੍ਰ. ਬਰਿੰਦਰ ਸਿੰਘ ਨਿੱਜਰ, ਸ੍ਰ. ਅਮਰਜੀਤ ਸਿੰਘ ਨਿੱਜਰ, ਸ੍ਰੀ ਰਾਜਵੰਤ ਨਿੱਜਰ, ਸ੍ਰ. ਅਮਨਦੀਪ ਸਿੰਘ ਸਹੋਤਾ, ਸ੍ਰ. ਰਤਨ ਸਿੰਘ, ਦਵਿੰਦਰ ਕੌਰ, ਰਾਜਵਿੰਦਰ ਕੌਰ, ਸ੍ਰ. ਗੁਰਸ਼ਰਨ ਸਿੰਘ ਰੰਧਾਵਾ, ਸ੍ਰ. ਗੁਰਮੇਜ ਸਿੰਘ ਯੂ.ਐਸ.ਏ., ਸ੍ਰ. ਸੁਖਚਰਨ ਸਿੰਘ, ਸ੍ਰ. ਲਵਪ੍ਰੀਤ ਸਿੰਘ, ਡਾ. ਬਲਵੰਤ ਸਿੰਘ, ਸ੍ਰ. ਕਮਲਜੀਤ ਸਿੰਘ, ਸ੍ਰ. ਸਤਿਬੀਰ ਸਿੰਘ,ਸ੍ਰ.ਜਸਪਾਲ ਸਿੰਘ ਕੋਚ,ਸ੍ਰ. ਬ੍ਰਿਜਿੰਦਰਪਾਲ ਸਿੰਘ, ਰਘਬੀਰ ਕੌਰ, ਸਰਬਜੀਤ ਧਾਲੀਵਾਲ, ਡਾ. ਮਹਿੰਦਰ ਸਿੰਘ,ਸ੍ਰ. ਸੁਰਜੀਤ ਸਿੰਘ ਲੋਹੀਆ, ਸ੍ਰ. ਜਸਪਾਲ ਸਿੰਘ ਕੋਚ, ਸ੍ਰ. ਕਵਲਜੀਤ ਸਿੰਘ, ਡਾ. ਮੁਖਵਿੰਦਰ ਸਿੰਘ, ਡਾ. ਹਰਚਰਨਜੀਤ ਸਿੰਘ ਧਾਲੀਵਾਲ, ਸ੍ਰ. ਬਲਜੀਤ ਸਿੰਘ ਢਿੱਲੋਂ, ਸ੍ਰ. ਜਸਵਿੰਦਰ ਸਿੰਘ, ਸ੍ਰ. ਚਰਨਜੀਤ ਸਿੰਘ ਔਲਖ, ਸ੍ਰ. ਗੁਰਦੀਪ ਸਿੰਘ ਕਾਨੂੰਗੋ ਫਲਪੋਤਾ, ਸ੍ਰ. ਹਰਦੇਵ ਸਿੰਘ ਕਲਸੀ, ਸ੍ਰ. ਹਰਭਜਨ ਸਿੰਘ, ਜਸਵਿੰਦਰ ਕੌਰ ਜੱਸੀ, ਸ੍ਰ. ਗੁਰਜਿੰਦਰ ਸਿੰਘ, ਸ੍ਰ.ਅਨੁਰਾਗਦੀਪ ਸਿੰਘ ਰੰਧਾਵਾ, ਡਾ. ਸੰਦੀਪ ਸਿੰਘ ਬਰਾੜ, ਡਾ. ਬੂਟਾ ਸਿੰਘ ਢਿਲੋਂ, ਸ੍ਰ. ਤਰਨਜੀਤ ਸਿੰਘ, ਸ੍ਰ. ਪਰਮਜੀਤ ਸਿੰਘ ਸੁਚਿੰਤਨ, ਲੈਫਟੀਨੈਂਟ ਮਨਪ੍ਰੀਤ ਕੌਰ, ਵਰਲਡ ਰਿਕਾਰਡ ਹੋਲਡਰ ਸੀਮਾ ਕਲਿਆਣ, ਸ੍ਰ. ਹਰਵਿੰਦਰ ਸਿੰਘ ਕਥੂਰੀਆ ਆਦਿ ਸ਼ਾਮਲ ਹੋਏ।

## "ਯੁੱਧ ਨਸ਼ਿਆਂ ਵਿਰੁੱਧ"

## ਪੰਜਾਬ ਜਲਦ ਹੀ ਨਸ਼ਾ ਮੁਕਤ ਬਣੇਗਾ: ਤਰੁਨਪ੍ਰੀਤ ਸਿੰਘ ਸੌਂਦ

### ਬਠਿੰਡਾ ਦੇ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

### ਨਸ਼ਿਆਂ ਦਾ ਜੜ੍ਹ ਤੋਂ ਖਾਤਮਾ ਕਰਨ ਲਈ ਮਾਸਟਰ ਪਲਾਨ ਤਿਆਰ ਕਰਨ ਦੀਆਂ ਹਦਾਇਤਾਂ

### ਨਸ਼ਿਆਂ ਦੇ ਸੌਦਾਗਰਾਂ ਪੰਜਾਬ ਛੱਡ ਜਾਣ

### ਨਸ਼ਿਆਂ ਦੇ ਖਾਤਮੇ ਲਈ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 9 ਮਾਰਚ : ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਅਧੀਨ ਅੱਜ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਬਠਿੰਡਾ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਵਾਲੇ ਨਸ਼ਾ ਤਸਕਰਾਂ ਲਈ ਪੰਜਾਬ ਵਿੱਚ ਕੋਈ ਥਾਂ ਨਹੀਂ ਹੈ। ਉਨ੍ਹਾਂ ਸਮੂਹ ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨੂੰ ਕਿਹਾ ਕਿ ਮਾਲਵੇ ਦੇ ਦਿਲ ਬਠਿੰਡਾ ਵਿੱਚੋਂ ਨਸ਼ਿਆਂ ਦੇ ਕੋਹੜ ਦਾ ਖਾਤਮਾ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਜਾਵੇ ਅਤੇ ਸਕੂਲਾਂ/ਕਾਲਜਾਂ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਨਾ ਫਸ ਸਕੇ।

ਸੌਂਦ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਨਸ਼ਿਆਂ ਦਾ ਖਾਤਮਾ ਕਰਨ ਦੀ ਚੁਣੌਤੀ ਬਹੁਤ ਵੱਡੀ ਹੈ ਅਤੇ ਇਹ ਤਾਂ ਹੀ ਜਿੱਤੀ ਜਾ ਸਕਦੀ ਹੈ ਜੇਕਰ ਹਰੇਕ ਅਧਿਕਾਰੀ ਇਸ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝ ਕੇ ਪੂਰਨ ਸਹਿਯੋਗ ਦੇਵੇ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਦਾ ਸਹਿਯੋਗ ਵੀ ਲਿਆ ਜਾਵੇ ਅਤੇ ਲੋਕਾਂ ਵਿੱਚ ਇਹ ਸੁਨੇਹਾ ਦਿੱਤਾ ਜਾਵੇ ਕਿ ਨਸ਼ਿਆਂ ਦੇ ਸੌਦਾਗਰਾਂ ਬਾਰੇ ਬੇਖੌਫ ਹੋ ਕੇ ਪੁਲਿਸ ਪ੍ਰਸ਼ਾਸ਼ਨ ਨੂੰ ਸੂਚਿਤ ਕਰਨ ਅਤੇ ਉਨ੍ਹਾਂ ਦੀ ਸੂਚਨਾ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਸ਼ੁਰੂ ਕੀਤੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਅਹਿਮ ਭੂਮਿਕਾ ਹੋਵੇਗੀ ਅਤੇ ਨਸ਼ਿਆਂ ਦੇ ਖਾਤਮੇ ਲਈ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਨੂੰ ਸਹਿਯੋਗ ਦੇਣ ਦੀ ਉਨ੍ਹਾਂ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾ ਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਵੱਖ-ਵੱਖ ਉਪਰਾਲੇ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਘਰ ਦਾ ਕੋਈ ਵੀ ਮੈਂਬਰ ਨਸ਼ਿਆਂ ਦੀ ਦਲਦਲ ਵਿੱਚ ਫਸ ਗਿਆ ਹੈ ਤਾਂ ਉਸ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਖੇ ਲਿਆਂਦਾ ਜਾਵੇ ਅਤੇ ਸਰਕਾਰ ਵਾਅਦਾ ਕਰਦੀ ਹੈ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੀ ਜ਼ਿੰਦਗੀ ਬਚਾ ਕੇ ਉਨ੍ਹਾਂ ਨੂੰ ਮੁੜ ਤੋਂ ਸਿਹਤਮੰਦ ਜੀਵਨ ਜਿਊਣ ਦਾ ਮੌਕਾ ਦਿੱਤਾ ਜਾਵੇਗਾ।

ਸੌਂਦ ਨੇ ਨਸ਼ਿਆਂ ਦੇ ਸੌਦਾਗਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਜਾਂ ਤਾਂ ਨਸ਼ਿਆਂ ਦਾ ਕਾਰੋਬਾਰ ਛੱਡ ਦੇਣ ਜਾਂ ਫਿਰ ਪੰਜਾਬ ਛੱਡ ਕੇ ਚਲੇ ਜਾਣ। ਉਨ੍ਹਾਂ ਕਿਹਾ ਕਿ ਅਸੀਂ ਸੂਬੇ ਦੀ ਜਵਾਨੀ ਨੂੰ ਬਚਾਉਣਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ 'ਤੇ ਲੈ ਜਾਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਿਆਂ ਦੇ ਸੌਦਾਗਰਾਂ ਵੱਲੋਂ ਨਸ਼ੇ ਵੇਚ ਕੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਵੀ ਢਾਹਿਆ ਜਾ ਰਿਹਾ ਹੈ ਤਾਂ ਜੋ ਮੁੜ ਤੋਂ ਕੋਈ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਵਿੱਚ ਨਾ ਫਸਾ ਸਕੇ। ਉਨ੍ਹਾਂ ਪਿੰਡਾਂ ਵਿੱਚ ਜਾਗਰੂਕਤਾ ਨਾਟਕ ਕਰਵਾਏ ਜਾਣ ਉੱਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਆਪਸੀ ਤਾਲਮੇਲ ਨਾਲ ਗਤੀਵਿਧੀਆਂ ਕਰਵਾਉਣ। ਉਨ੍ਹਾਂ ਕਿਹਾ ਕਿ ਹਰੇਕ ਸਕੂਲ ਬਾਹਰਲੀ ਕੰਧ ਉੱਤੇ ਨਸ਼ਿਆਂ ਖਿਲਾਫ ਜਾਗਰੂਕਤਾ ਬੋਰਡ ਲਗਾਉਣ। ਸਾਰੀਆਂ ਜਨਤਕ ਥਾਵਾਂ ਉੱਤੇ ਵੀ ਜਾਗਰੂਕਤਾ ਬੋਰਡ ਲਗਾਏ ਜਾ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਇੱਕ ਹੈਲਪ ਲਾਇਨ ਨੰਬਰ ਵੀ ਜਾਰੀ ਕੀਤਾ ਜਾਵੇ। ਇਸ ਮੌਕੇ ਤਲਵੰਡੀ ਸਾਬੋ ਦੇ ਵਿਧਾਇਕ ਅਤੇ ਚੀਫ ਵਿਪ ਪ੍ਰੋ ਬਲਜਿੰਦਰ ਕੌਰ ਅਤੇ ਵਿਧਾਇਕ ਬਠਿੰਡਾ ਸ਼ਹਿਰੀ ਦੇ ਜਗਰੂਪ ਸਿੰਘ ਗਿੱਲ ਵਲੋਂ ਵੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ, ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਜ਼ਿਲ੍ਹੇ ਅੰਦਰ ਨਸ਼ਿਆ ਖਿਲਾਫ ਵਿੱਢੀ ਮੁਹਿੰਮ ਤਹਿਤ ਕੀਤੇ ਜਾ ਰਹੇ ਯਤਨਾਂ ਦੀ ਜਾਣਕਾਰੀ ਸਾਂਝੀ ਕਰਦਿਆਂ ਵਿਸ਼ਵਾਸ਼ ਦਿਵਾਇਆ ਕਿ ਆਮ ਲੋਕਾਂ ਦਾ ਪੂਰਨ ਸਹਿਯੋਗ ਲੈਂਦਿਆਂ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਦੌਰਾਨ ਅਧਿਕਾਰੀਆਂ ਤੇ ਹੋਰ ਮੌਜੂਦ ਨੁਮਾਇੰਦਿਆਂ ਵਲੋਂ ਵੀ ਆਪੋ-ਆਪਣੇ ਵਡਮੁੱਲੇ ਸੁਝਾਅ ਵੀ ਸਾਂਝੇ ਕੀਤੇ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਚੇਅਰਮੈਨ ਐਗਰੋਫੈਡ ਸ਼ਮਿੰਦਰ ਖਿੰਡਾ, ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰ੍ਰੀਜ਼ ਡਿਵੈਲਪਮੈਂਟ ਬੋਰਡ ਨੀਲ ਗਰਗ, ਚੇਅਰਮੈਨ ਸ਼ੂਗਰਫੈਡ ਨਵਦੀਪ ਜੀਦਾ, ਚੇਅਰਮੈਨ ਆਬਕਾਰੀ ਤੇ ਕਰ ਵਿਭਾਗ ਅਨਿਲ ਠਾਕੁਰ, ਚੇਅਰਮੈਨ ਪੰਜਾਬ ਜੰਗਲਾਤ ਵਿਭਾਗ ਰਾਕੇਸ਼ ਪੁਰੀ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅੰਮ੍ਰਿਤ ਲਾਲ ਅਗਰਵਾਲ, ਚੇਅਰਮੈਨ ਖਾਦੀ ਬੋਰਡ ਇੰਦਰਜੀਤ ਸਿੰਘ ਮਾਨ, ਪੰਜਾਬ ਖਾਦੀ ਤੇ ਵਿਲਜ ਇੰਡਸਟਰੀਜ਼ ਬੋਰਡ ਦੇ ਡਾਇਰੈਕਟਰ ਬੱਲੀ ਬਲਜੀਤ, ਡਾਇਰੈਕਟਰ ਪੰਜਾਬ ਵਾਟਰ ਰਿਸੋਰਸਜ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਅਮਰਜੀਤ ਰਾਜਨ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਹੋਰ ਉੱਚ ਅਧਿਕਾਰੀ ਹਾਜ਼ਿਰ ਸਨ।

## ਗਿਆਨੀ ਭਗਤ ਸਿੰਘ ਜੀ ਵਰਗੇ ਤ੍ਰੈਕਾਲ ਦਰਸ਼ੀ ਪੁਰਸ਼ ਸਦੀਆਂ ਬਾਅਦ ਜੰਮਦੇ ਨੇ— ਪ੍ਰੋ. ਗੁਰਭਜਨ ਸਿੰਘ ਗਿੱਲ

### ਗਿਆਨੀ ਭਗਤ ਸਿੰਘ ਜਨਮ – ਸ਼ਤਾਬਦੀ ਸਮਾਗਮ ਵਿੱਚ ਬਾਬਾ ਸੀਚੇਵਾਲ, ਸੰਤ ਬਲਜਿੰਦਰ ਸਿੰਘ ਰਾੜਾ ਸਾਹਿਬ, ਸੰਤ ਅਮੀਰ ਸਿੰਘ ਜਵੱਦੀ ਟਕਸਾਲ, ਸੰਤ ਹਰੀ ਸਿੰਘ ਰੰਧਾਵੇ ਵਾਲੇ ਤੇ ਸੰਤ ਹਰਭਜਨ ਸਿੰਘ ਢੁੱਡੀਕੇ ਸਮੇਤ ਅਨੇਕਾਂ ਸਿੱਖਿਆ ਸ਼ਾਸਤਰੀ, ਗੁਣੀਜਨ, ਲੇਖਕ ਤੇ ਕਲਾਕਾਰ ਪੁੱਜੇ।

ਲੁਧਿਆਣਾ: 9 ਮਾਰਚ : ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਵੱਲੋਂ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਦੇ ਬਾਬਾ ਗੁਰਮੁਖ ਸਿੰਘ ਆਡੀਟੋਰੀਅਮ ਵਿੱਚ ਗੁਰੂ ਘਰ ਦੇ ਅਨਿੰਨ ਸੇਵਕ, ਕਿਰਤੀ ,ਪਰਉਪਕਾਰੀ ਅਤੇ ਸਿੱਖਿਆ – ਦਾਨੀ ਗਿਆਨੀ ਭਗਤ ਸਿੰਘ ਜੀ ਦੀ ਜਨਮ-ਸ਼ਤਾਬਦੀ ਨੂੰ ਸਮਰਪਿਤ ਸਮਾਗਮ ਵਿੱਚ ਕੌਂਸਲ ਦੇ ਪ੍ਰਧਾਨ ਕੇ ਉੱਘੇ ਲੇਖਕ ਸ: ਰਣਜੋਧ ਸਿੰਘ ਦੁਆਰਾ ਰਚਿਤ ਪੁਸਤਕ "ਭਗਤ ਮਾਲਾ ਦੇ 84 ਮਣਕੇ " ਨੂੰ ਲੋਕ ਅਰਪਣ ਕੀਤਾ ਗਿਆ। ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਅਵਸਰ 'ਤੇ ਗਿਆਨੀ ਭਗਤ ਸਿੰਘ ਜੀ ਦੇ ਪਰਿਵਾਰ ਦੀਆਂ ਪੰਜ ਧੀਆਂ ਭੈਣਾਂ ਤੇ ਨੂੰਹਾਂ ਸਰਦਾਰਨੀ ਜਗਦੀਸ਼ ਕੌਰ, ਸਰਦਾਰਨੀ ਮਲਕੀਤ ਕੌਰ, ਸਰਦਾਰਨੀ ਬਲਵੰਤ ਕੌਰ, ਸਰਦਾਰਨੀ ਗੁਰਸ਼ਰਨ ਕੌਰ ਅਤੇ ਸਰਦਾਰਨੀ ਜਤਿੰਦਰ ਕੌਰ ਨੇ ਆਪਣੇ ਕਰ ਕਮਲਾਂ ਨਾਲ ਇਸ ਪੁਸਤਕ ਨੂੰ ਲੋਕ ਅਰਪਣ ਕੀਤਾ ।

ਗਿਆਨੀ ਭਗਤ ਸਿੰਘ ਜੀ ਦੇ ਜੀਵਨ 'ਤੇ ਅਧਾਰਿਤ ਡਾਕੂਮੈਂਟਰੀ ਫਿਲਮ ਵੀ ਦਿਖਾਈ ਗਈ। ਇਸ ਮੌਕੇ ਕਾਲਜ ਦੀ ਸਲਾਨਾ ਮੈਗਜ਼ੀਨ "ਰੁੱਤ ਲੇਖਾ" ਦਾ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਗਿਆ। ਇਸ ਸ਼ੁੱਭ ਅਵਸਰ 'ਤੇ ਗਿਆਨੀ ਭਗਤ ਸਿੰਘ ਜੀ ਦਾ ਪ੍ਰਸਿੱਧ ਚਿੱਤਰਕਾਰ ਰ ਮ ਸਿੰਘ ਵੱਲੋਂ ਤਿਆਰ ਖ਼ੂਬਸੂਰਤ ਪੋਰਟਰੇਟ ਵੀ ਰਿਲੀਜ਼ ਕੀਤਾ ਗਿਆ।

ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸ: ਰਣਜੋਧ ਸਿੰਘ ਨੇ ਇਸ ਵਿਸ਼ੇਸ਼ ਅਵਸਰ 'ਤੇ ਪਹੁੰਚੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਸਮਾਗਮ ਵਿੱਚ ਸ.ਅਨੁਰਾਗ ਸਿੰਘ, ਪ੍ਰੋ. ਗੁਰਭਜਨ ਸਿੰਘ ਗਿੱਲ ,ਪ੍ਰੋ. ਰਣਜੀਤ ਸਿੰਘ( ਯੂ .ਐਸ. ਏ .)ਨੇ ਇਸ ਮਹਾਨ ਪੁਸਤਕ ਬਾਰੇ ਵਿਚਾਰ ਸਾਂਝੇ ਕੀਤੇ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਬਾਬਾ ਗੁਰਮੁਖ ਸਿੰਘ ਦੇ ਵੱਡੇ ਸਪੁੱਤਰ ਗਿਆਨੀ ਭਗਤ ਸਿੰਘ ਵਰਗੇ ਸਪੁੱਤਰ ਸਦੀਆਂ ਬਾਦ ਪੈਦਾ ਹੁੰਦੇ ਨੇ ਜੋ ਸੇਵਾ ਸਿਮਰਨ ਤੇ ਸਿੱਖਿਆ ਨੂੰ ਸਿਦਕ ਸਮਰਪਣ ਨਾਲ ਪੂਰੀ ਉਮਰ ਨਿਭਾਉਣ। ਉਹੀ ਵਿਰਾਸਤ ਰਣਜੋਧ ਸਿੰਘ ਅੱਗੇ ਲਿਜਾ ਰਿਹਾ ਹੈ।

ਇਸ ਮੌਕੇ ਪਰਮਾਰਥ ਪਾਂਧੀ ਸੰਤ ਗਿਆਨੀ ਹਰਭਜਨ ਸਿੰਘ ਜੀ(ਢੁੱਡੀਕੇ ),ਸੰਤ ਬਾਬਾ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ ਵਾਲੇ )ਸੰਤ ਗਿਆਨੀ ਅਮੀਰ ਸਿੰਘ ਜੀ (ਜਵੱਦੀ ਟਕਸਾਲ, ਲੁਧਿਆਣਾ ) ਸੰਤ ਬਾਬਾ ਬਲਬੀਰ ਸਿੰਘ ਜੀ (ਸੀਚੇਵਾਲ ਐਮ.ਪੀ .) ਸੰਤ ਬਾਬਾ ਹਰੀ ਸਿੰਘ ਜੀ (ਰੰਧਾਵਾ ਵਾਲੇ) ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸ



.ਹਰਵਿੰਦਰ ਸਿੰਘ ਫੂਲਕਾ ਨੇ ਵੀ ਵਿਸ਼ੇਸ਼ ਤੌਰ ਤੇ ਸੰਬੋਧਨ ਕੀਤਾ।

ਇਸ ਯਾਦਗਾਰੀ ਦਿਨ 'ਤੇ ਸ: ਰ ਮ ਸਿੰਘ ਚੰਡੀਗੜ੍ਹ (ਪੋਰਟਰੇਟ ਆਰਟਿਸਟ ਐਂਡ ਸਿੱਖ ਹਿਸਟਰੀ )ਨੂੰ ਗਿਆਨੀ ਭਗਤ ਸਿੰਘ ਮੈਮੋਰੀਅਲ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

ਸ. ਰਣਜੋਧ ਸਿੰਘ ਜੀ ਨੇ ਆਪਣੇ ਪਿਤਾ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਉਹਨਾਂ ਦੇ ਲਈ ਭਾਵੁਕ ਪਲਾਂ ਦੇ ਨਾਲ ਭਰਿਆ ਹੋਇਆ ਹੈ । ਉਨ੍ਹਾਂ ਤੋਂ ਮਿਲੀ ਸਿੱਖਿਆ ਅਤੇ ਸੰਸਕਾਰਾਂ ਤੇ ਅਧਾਰਿਤ" ਭਗਤ ਮਾਲਾ ਦੇ ਚੁਰਾਸੀ ਮਣਕੇ" ਪੁਸਤਕ ਉਹਨਾਂ ਨੂੰ ਸਮਰਪਿਤ ਕਰਦਾ ਹਾਂ ਅਤੇ ਆਸ ਕਰਦਾ ਕਿ ਇਹ ਬਹੁ- ਮੁੱਲੇ ਗਿਆਨ ਦੇ ਮੋਤੀ ਸਾਡੇ ਸਾਰਿਆਂ ਦਾ ਮਾਰਗ ਦਰਸ਼ਨ ਕਰਨਗੇ। ਸੰਤ ਗਿਆਨੀ ਹਰਭਜਨ ਸਿੰਘ ਨੇ ਕਿਹਾ ਕਿ ਇਸ ਪਰਿਵਾਰ ਦੇ ਨਾਲ ਸਾਡੀ ਬਹੁਤ ਲੰਬੀ ਸਾਂਝ ਹੈ। ਇਸ ਪਿਆਰ ਅਤੇ ਸਨੇਹ ਦੇ ਰਿਸ਼ਤੇ ਵਿੱਚ ਮੈਂ ਦੇਖਿਆ ਹੈ ਕਿ ਕੋਈ ਵੀ ਅਜਿਹਾ ਦਿਨ ਨਹੀਂ ਹੋਵੇਗਾ ਜਦੋਂ ਇਹ ਪਰਿਵਾਰ ਕਿਸੇ ਨੇਕੀ ਦੇ ਕੰਮ ਤੋਂ ਪਿੱਛੇ ਹਟਿਆ ਹੋਵੇ । ਇਹ ਗਿਆਨੀ ਭਗਤ ਸਿੰਘ ਜੀ ਦੀ ਪਰਵਰਿਸ਼ ਤੇ ਅਸੂਲਾਂ ਦਾ ਪਰਿਣਾਮ ਹੈ। ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਡੇ ਸਾਰਿਆਂ ਲਈ ਇਹ ਖੁਸ਼ਕਿਸਮਤੀ ਦਾ ਦਿਨ ਹੈ ਕਿ ਅੱਜ ਅਸੀਂ ਉਹਨਾਂ ਦੀ ਜਨਮ ਸ਼ਤਾਬਦੀ ਮਨਾ ਰਹੇ ਹਾਂ। ਇਸ ਅਵਸਰ 'ਤੇ ਕਾਲਜ ਵਿੱਚੋ ਸੇਵਾ ਮੁਕਤ ਹੋ ਚੁੱਕੇ ਪ੍ਰਿੰਸੀਪਲ ਡਾ. ਨਰਿੰਦਰ ਕੌਰ ਸੰਧੂ, ਡਾ. ਇੰਦਰਜੀਤ ਕੌਰ, ਡਾ. ਰਾਜੇਸ਼ਵਰਪਾਲ ਕੌਰ, ਡਾ. ਜਸਪਾਲ ਕੌਰ, ਤੋਂ ਇਲਾਵਾ ਅਧਿਆਪਕ ਸਾਹਿਬਾਨ , ਰਾਮਗੜ੍ਹੀਆ ਵਿੱਦਿਅਕ ਸੰਸਥਾਵਾਂ ਦੇ ਪ੍ਰਿੰਸੀਪਲ ਸਾਹਿਬਾਨ, ਪੰਥਕ ਜਥੇਬੰਦੀਆਂ, ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ , ਉਦਯੋਗਿਕ ,ਰਾਜਨੀਤਿਕ, ਸਮਾਜਿਕ ਖੇਤਰ ਦੀਆਂ ਸਿਰਮੌਰ ਹਸਤੀਆਂ ਜਥੇਦਾਰ ਹੀਰਾ ਸਿੰਘ ਗਾਬੜੀਆ, ਜਥੇਦਾਰ ਅਜੀਤ ਸਿੰਘ ਛਾਉਣੀ ਮੁਹੱਲਾ, ਹਰਚਰਨ ਸਿੰਘ ਗੋਹਲਵੜੀਆ ਸਾਬਕਾ ਮੇਅਰ, ਜਗਦੇਵ ਸਿੰਘ ਗੋਹਲਵੜੀਆ, ਗੁਰਚਰਨ ਸਿੰਘ ਲੋਟੇ ਜਨਰਲ ਸਕੱਤਰ, ਰਾਮਗੜੀਆ ਐਜੂਕੇਸ਼ਨ ਕੌਂਸਲ, ਜਸਬੀਰ ਸਿੰਘ ਰਿਆਤ, ਕ ਕ ਬਾਵਾ, ਚੇਅਰਮੈਨ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ, ਅਮਰਜੀਤ ਸਿੰਘ ਟਿੱਕਾ, ਸੀਨੀਅਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਗੁਰੂ ਨਾਨਕ ਪਬਲਿਕ ਸਕੂਲ ਦੀ ਸਾਬਕਾ ਪ੍ਰਿੰਸੀਪਲ ਕੁਲਵੰਤ ਕੌਰ ਵਿਰਦੀ, ਨਾਮਧਾਰੀ ਸੂਬਾ ਹਰਭਜਨ ਸਿੰਘ ਓਸਟਰ, ਭੁਪਿੰਦਰ ਮੱਲ੍ਹੀ (ਕੈਨੇਡਾ) ਰਾਕੇਸ਼ ਦਾਦਾ, ਤੇਜਪਰਤਾਪ ਸਿੰਘ ਸੰਧੂ, ਪ੍ਰਿੰਸੀਪਲ ਮਨਜਿੰਦਰ ਕੌਰ, ਕਰਮਦੀਪ ਸਿੰਘ ਵਿਰਦੀ,ਚਰਨਜੀਤ ਸਿੰਘ ਯੂ ਐੱਸ ਏ, ਪੰਜਾਬੀ ਲੇਖਕ ਡੀ ਐੱਮ ਸਿੰਘ, ਬਲਜੀਤ ਸਿੰਘ ਢਿੱਲੋਂ, ਆਰਟਿਸਟ ਬਬਲੀ ਸਿੰਘ, ਸਤਿਬੀਰ ਕੌਰ ਸੰਧੂ, ਗਿਆਨੀ ਭਗਤ ਸਿੰਘ ਜੀ ਦੀ ਨੂੰਹ ਸਰਦਾਰਨੀ ਰਾਜਿੰਦਰ ਕੌਰ, ਸ. ਮਲਕੀਤ ਸਿੰਘ ਔਲਖ,ਬਲਵਿੰਦਰ ਸਿੰਘ ਬੋਪਾਰਾਏ, ਮੁੱਖ ਸੰਪਾਦਕ ਜੁਝਾਰ ਟਾਈਮਜ਼ ਲੁਧਿਆਣਾ, ਪ੍ਰਿੰਸੀਪਲ ਗੁਰਬਚਨ ਸਿੰਘ ਥਾਈਲੈਂਡ, ਦਲਜੀਤ ਬਾਗੀ, ਹਰਮੋਹਨ ਸਿੰਘ ਗੁੱਡੂ, ਅਤੇ ਸਮੂਹ ਰਾਮਗੜ੍ਹੀਆ ਭਾਈਚਾਰਾ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਇਆ। ਗਿਆਨੀ ਭਗਤ ਸਿੰਘ ਜੀ ਦੇ ਜੱਦੀ ਪਿੰਡ ਹੈਡੋਂ ਬੇਟ (ਮਾਛੀਵਾੜਾ) ਦੀ ਪੰਚਾਇਤ ਤੇ ਸੰਗਤ ਨੇ ਗਿਆਨੀ ਜੀ ਦੇ ਪੋਤਰੇ ਇੰਜ ਜਸਕਰਨ ਸਿੰਘ ਨੂੰ ਪਿੰਡ ਵੱਲੋਂ ਸਿਰੋਪਾਉ ਭੇਂਟ ਕਰਕੇ ਮਾਣ ਦਿੱਤਾ। ਅੰਤ ਵਿਚ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਮੂਹ ਸਰੋਤਿਆਂ ਨੂੰ "ਭਗਤ ਮਾਲਾ ਦੇ ਚੁਰਾਸੀ ਮਣਕੇ" ਪੁਸਤਕ ਭੇਟ ਕੀਤੀ ਗਈ। ਇਸ ਪੁਸਤਕ ਦਾ ਵਿਸ਼ੇਸ਼ ਐਡੀਸ਼ਨ ਬਹੁਤ ਖ਼ੂਬਸੂਰਤ ਅੰਦਾਜ਼ ਵਿੱਚ ਪਰਿੰਟਵੈੱਲ ਅੰਮ੍ਰਿਤਸਰ ਨੇ ਤਿਆਰ ਕੀਤਾ ਹੈ। ਸਮਾਗਮ ਨੂੰ ਯੂ ਟਿਊਬ ਲਈ ਮਾਲਵਾ ਟੀ ਵੀ ਨੇ ਰੀਕਾਰਡ ਕੀਤਾ। ਰੋਜ਼ਾਨਾ ਜੁਝਾਰ ਟਾਈਮਜ਼ ਦਾ ਵਿਸ਼ੇਸ਼ ਅੰਕ ਇਸ ਮੌਕੇ ਸਮੂਹ ਸਰੋਤਿਆਂ ਨੂੰ ਵੰਡਿਆ ਗਿਆ।

## ਏਡੀਸੀ ਅਤੇ ਐੱਸ.ਡੀ.ਐਮ ਸਮੇਤ 4 PCS ਅਫ਼ਸਰਾਂ ਵੱਲੋਂ ਨਵੀਆਂ ਕਲਮਾਂ ਨਵੀਂ ਉਡਾਣ ਦਾ ਕੈਲੰਡਰ ਜਾਰੀ

ਬਠਿੰਡਾ 09 ਮਾਰਚ : ਪੰਜਾਬ ਭਵਨ ਸਰੀ ਕੇਨੈਡਾ ਦੇ ਸੰਸਥਾਪਕ ਸੁੱਖੀ ਬਾਠ ਦੇ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਦੀ ਬਠਿੰਡਾ-2 ਟੀਮ ਦਾ ਕੈਲੰਡਰ ਏ.ਡੀ.ਸੀ ਬਠਿੰਡਾ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ)



ਡਾ.ਨਰਿੰਦਰ ਸਿੰਘ ਧਾਲੀਵਾਲ,ਡਿਊਟੀ ਆਫਿਸਰ ਆਫ ਚੀਫ਼ ਮਨਿਸਟਰ ਰਮਨਜੀਤ ਪੀ. ਸੀ.ਐੱਸ. ਅਤੇ ਐਸ.ਡੀ.ਐਮ. ਰਾਮਪੁਰਾ ਫੂਲ ਗਗਨਦੀਪ ਸਿੰਘ ਦੁਆਰਾ ਜਾਰੀ ਕੀਤਾ ਗਿਆ। ਅੰਤਰਰਾਸ਼ਟਰੀ ਪ੍ਰੋਜੈਕਟ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਿੱਧੂ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬਾਜਕ,ਮੀਡੀਆ ਕੋਆਰਡੀਨੇਟਰ ਬੂਟਾ ਸਿੰਘ ਮਾਨ,ਜਗਸੀਰ ਸਿੰਘ ਢੱਡੇ,ਮਨਪ੍ਰੀਤ ਕੌਰ ਸਮੇਤ ਬਠਿੰਡਾ-2 ਟੀਮ ਦੇ ਸਮੂਹ ਮੈਂਬਰ ਹਾਜ਼ਰ ਸਨ। ਇਸ ਸਮੇਂ ਏ.ਡੀ.ਸੀ ਬਠਿੰਡਾ ਸਮੇਤ ਸਮੂਹ ਅਫ਼ਸਰ ਸਾਹਿਬਾਨਾਂ ਨੇ ਸੁੱਖੀ ਬਾਠ ਜੀ ਦੇ ਇਸ ਪ੍ਰੋਜੈਕਟ ਦੀ ਖੂਬ ਸ਼ਲਾਘਾ ਕੀਤੀ ਅਤੇ ਟੀਮ ਬਠਿੰਡਾ 2 ਦੀ ਹੌਂਸਲਾ ਅਫ਼ਜਾਈ ਕੀਤੀ। ਗੁਰਵਿੰਦਰ ਸਿੰਘ ਸਿੱਧੂ ਦੁਆਰਾ ਸੰਪਾਦਿਤ 'ਨਵੀਆਂ ਕਲਮਾਂ ਨਵੀਂ ਉਡਾਣ' ਕਿਤਾਬ ਵੀ ਭੇਂਟ ਕੀਤੀ ਗਈ।

ਨਵੀਆਂ ਕਲਮਾਂ ਨਵੀਂ ਉਡਾਣ ਟੀਮ ਬਠਿੰਡਾ 2